ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-7 ਸ਼ਾਖਾ)

ਅਧਿਸੂਚਨਾਂ

ਨੰਬਰ:3ਏ/161/2012-3ਸਿ7/ 43076/1 ਮਿਤੀ,ਚੰਡੀਗੜ੍ਹ: 18-4-2013

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਸਿਵਲ ਹਸਪਤਾਲ ਸ੍ਰੀ ਖਡੂਰ ਸਾਹਿਬ, ਜਿਲ੍ਹਾ-ਤਰਨਤਾਰਨ ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਸ਼, ਫਰੀਦਕੋਟ ਨੂੰ ਹੇਠ ਲਿਖੀਆਂ ਸਰਤਾਂ ਅਧੀਨ ਟਰਾਂਸਫਰ ਕਰਨ ਦੀ ਆਗਿਆ ਦਿੰਦੇ ਹਨ:-

ੳ) ਟਰਾਂਸਫਰ ਹੋਣ ਦੀ ਮਿਤੀ ਤੋ ਇਹ ਹਸਪਤਾਲ ਨਰਸਿੰਗ ਕਾਲਜ ਚਲਾਉਣ ਹਿੱਤ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਸ਼ ਫਰੀਦਕੋਟ ਦੇ ਅਧੀਨ ਹੋ ਜਾਵੇਗਾ।

ਅ) ਇਸ ਸਿਵਲ ਹਸਪਤਾਲ ਦਾ ਖਰਚਾ ਜਿਸ ਵਿੱਚ ਤਨਖਾਹਾਂ, ਆਮ ਪ੍ਰਬੰਧ, ਰਾਸ਼ਟਰੀ ਅਤੇ ਰਾਜ ਪੱਧਰੀ ਪ੍ਰੋਗਰਾਮ ਆਦਿ ਦਾ ਖਰਚਾ ਸ਼ਾਮਲ ਹੈ, ਪੰਜਾਬ ਸਰਕਾਰ ਵਲੋਂ ਕੀਤਾ ਜਾਂਦਾ ਰਹੇਗਾ।

ੲ) ਇਸ ਹਸਪਤਾਲ ਵਿਖੇ ਕੰਮ ਕਰਦੇ ਡਾਕਟਰਾਂ ਅਤੇ ਹੋਰ ਸਟਾਫ ਨੂੰ ਆਪਣੀਆਂ ਸੇਵਾਵਾਂ ਡੈਪੂਟੇਸ਼ਨ ਰਾਹੀਂ ਬਾਬਾ ਫਰੀਦ ਯੂਨੀਵਰਸਿਟੀ ਨੂੰ ਦੇਣ ਦੀ ਆਪਸ਼ਨ ਹੋਵੇਗੀ। ਜੇਕਰ ਉਹ ਇਹ ਆਪਸ਼ਨ ਅਡਾਪਟ ਨਹੀਂ ਕਰਦੇ ਤਾਂ ਉਹਨਾਂ ਨੂੰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ ਕਿਸੇ ਹੋਰ ਥਾਂ ਤੇ ਬਦਲ ਦਿੱਤਾ ਜਾਵੇਗਾ।

ਸ) ਇਸ ਹਸਪਤਾਲ ਵਿਖੇ ਕੰਮ ਕਰਦੇ ਡਾਕਟਰਾਂ ਅਤੇ ਹੋਰ ਸਟਾਫ ਵਿਚੋਂ ਜੇ ਕੋਈ ਬਾਬਾ ਫਰੀਦ ਯੂਨੀਵਰਸਿਟੀ ਵਿਖੇ ਡੈਪੂਟੇਸ਼ਨ ਤੇ ਜਾਣ ਦੀ ਆਪਸ਼ਨ ਦਿੰਦਾ ਹੈ ਤਾਂ ਉਸ ਨੂੰ ਇਸ ਯੂਨੀਵਰਸਿਟੀ ਦੇ ਪ੍ਰਬੰਧਕੀ ਕੰਟਰੋਲਰ ਅਧੀਨ ਡੈਪੂਟੇਸ਼ਨ ਤੇ ਸਿਵਲ ਹਸਪਤਾਲ, ਖਡੂਰ ਸਾਹਿਬ ਵਿਖੇ ਤੈਨਾਤ ਕੀਤਾ ਜਾਵੇਗਾ।

ਹ) ਜੇਕਰ ਯੂਨੀਵਰਸਿਟੀ ਨੂੰ ਲੋੜੀਂਦਾ ਅਮਲਾ ਡੈਪੂਟੇਸ਼ਨ ਤੇ ਨਹੀਂ ਮਿਲਦਾ ਤਾਂ ਯੂਨੀਵਰਸਿਟੀ ਨੂੰ ਇਸ ਹਸਪਤਾਲ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਲੋੜੀਂਦੇ ਡਾਕਟਰ ਅਤੇ ਹੋਰ ਅਮਲੇ ਨੂੰ ਆਪਣੇ ਪੱਧਰ ਤੇ ਨਿਯੁਕਤ ਕਰਨ ਦੀ ਖੁੱਲ ਹੋਵੇਗੀ।

ਕ) ਰੋਗੀ ਕਲਿਆਣ ਸੰਮਤੀ ਅਤੇ ਹੋਰ ਸੁਸਾਇਟੀਆਂ ਜਿਨ੍ਹਾਂ ਦਾ ਸਬੰਧ ਇਸ ਹਸਪਤਾਲ ਨਾਲ ਹੈ, ਉਹ ਵੀ ਬਾਬਾ ਫਰੀਦ ਯੂਨੀਵਰਸਿਟੀ ਨੂੰ ਟਰਾਂਸਫਰ ਹੋ ਜਾਣਗੀਆਂ ਅਤੇ ਇਸ ਦੇ ਅਧੀਨ ਕੰਮ ਕਰਨਗੀਆਂ।

ਖ) ਇਸ ਸਿਵਲ ਹਸਪਤਾਲ ਨੂੰ ਚਲਾਉਣ/ਰੱਖ ਰਖਾਓ ਅਤੇ ਯੂਜਰ ਚਾਰਜਿਜ਼ ਆਦਿ ਲਗਾਉਣ ਬਾਰੇ ਸਾਰੇ ਫੈਸਲੇ ਯੂਨੀਵਰਸਿਟੀ ਆਪਣੇ ਪੱਧਰ ਤੇ ਕਰੇਗੀ। ਪਰ ਯੂਨੀਵਰਸਿਟੀ ਇਸ ਗੱਲ ਨੂੰ ਧਿਆਨ ਵਿੱਚ ਰੱਖੇਗੀ ਕਿ ਇਹ ਯੂਜਰ ਚਾਰਜਿਸ਼ ਰਾਜ ਸਰਕਾਰ ਦੇ ਪੈਟਰਨ ਤੇ ਹੀ ਹੋਣ।

ਗ) ਸਿਵਲ ਹਸਪਤਾਲ ਦੀ ਬਿਲਡਿੰਗ, ਮਸ਼ੀਨਰੀ ਅਤੇ ਹੋਰ ਸਾਜੋ ਸਮਾਨ "ਜਿਥੇ ਹੈ ਜਿਵੇਂ ਹੈ", ਦੇ ਅਧਾਰ ਤੇ ਬਾਬਾ ਫਰੀਦ ਯੂਨੀਵਰਸਿਟੀ ਨੂੰ ਟਰਾਂਸਫਰ ਸਮਝਿਆ ਜਾਵੇਗਾ। ਭਵਿੱਖ ਵਿੱਚ ਇਸ ਸਾਰੇ ਸਮਾਨ ਦੀ ਸਾਂਭ ਸੰਭਾਲ , ਰਿਪੇਅਰ, ਬਦਲਾਉਣ ਅਤੇ ਹਸਪਤਾਲ ਵਿੱਚ ਹੋਰ ਸਹੂਲਤਾਂ ਵਧਾਉਣ ਦੀ ਸਾਰੀ ਜਿੰਮੇਵਾਰੀ ਯੂਨੀਵਰਸਿਟੀ ਦੀ ਹੋਵੇਗੀ।

ਘ) ਇਸ ਹਸਪਤਾਲ ਵਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਤੋਂ ਇਲਾਵਾ ਯੂਨੀਵਰਸਿਟੀ ਨੂੰ ਇਸ ਹਸਪਤਾਲ ਨੂੰ ਉਹਨਾਂ ਸਾਰੇ ਕੰਮਾਂ ਲਈ ਵਰਤਣ ਦੀ ਖੁੱਲ ਹੋਵੇਗੀ, ਜਿਨ੍ਹਾਂ ਦਾ ਸਬੰਧ ਮੈਡੀਕਲ ਸਿੱਖਿਆ ਅਤੇ ਖੋਜ ਨਾਲ ਹੋਵੇ।

ਚਲਦਾ ਪੰਨਾ/2.....

ਙ) ਬਾਬਾ ਫਰੀਦ ਯੂਨੀਵਰਸਿਟੀ ਨੂੰ ਇਸ ਸਿਵਲ ਹਸਪਤਾਲ ਵਿਖੇ ਆਪਣੀ ਦੇਖ-ਰੇਖ ਹੇਠ ਜਾਂ ਇਸ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਕਾਲਜਾਂ/ਸੰਸਥਾਵਾਂ ਰਾਹੀਂ ਕਿਸੇ ਵੀ ਪੱਧਰ ਤੇ ਕੋਰਸ ਸ਼ੁਰੂ ਕਰਨ ਅਤੇ ਰਿਸਰਚ ਕਰਨ ਦੀ ਖੁੱਲ ਹੋਵੇਗੀ। ਪਰ ਯੂਨੀਵਰਸਿਟੀ ਇਹ ਯਕੀਨੀ ਬਣਾਏਗੀ ਕਿ ਆਮ ਜਨਤਾ ਲਈ ਇਸ ਹਸਪਤਾਲ ਵਿੱਚ 100 ਬਿਸਤਰਿਆਂ ਦੇ ਹਸਪਤਾਲ ਦੇ ਬਰਾਬਰ ਸਿਹਤ ਸੇਵਾਵਾਂ ਹਮੇਸ਼ਾ ਉਪਲੱਬਧ ਹੋਣ।

ਮਿਤੀ, ਚੰਡੀਗੜ੍ਹ
16.4.2013

ਵਿਨੀ ਮਹਾਜਨ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ।

ਨੰ:3ਏ/161/2013-3ਸਿ7/ ਮਿਤੀ,ਚੰਡੀਗੜ੍ਹ:

ਉਪਰੋਕਤ ਦਾ ਉਤਾਰਾ ਸਮੇਤ ਵਾਧੂ ਕਾਪੀ ਦੇ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਨੋਟੀਫਿਕੇਸ਼ਨ ਦੀਆਂ 100 ਕਾਪੀਆਂ ਪੰਜਾਬ ਸਰਕਾਰ ਦੇ ਗਜ਼ਟ (ਐਕਟਰਾ ਆਰਡੀਨਰੀ) ਵਿੱਚ ਛਾਪਣ ਉਪਰੰਤ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਵਧੀਕ ਸਕੱਤਰ,ਸਿਹਤ(ਐਸ)

ਨੰ:3ਏ/161/2013-3ਸਿ7/ ਮਿਤੀ,ਚੰਡੀਗੜ੍ਹ:

ਉਪਰੋਕਤ ਦਾ ਇੱਕ ਉਤਾਰਾ ਵਾਈਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ, ਫਰੀਦਕੋਟ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ,ਸਿਹਤ(ਐਸ)

ਨੰ:3ਏ/161/2013-3ਸਿ7/ ਮਿਤੀ,ਚੰਡੀਗੜ੍ਹ:

ਉਪਰੋਕਤ ਦਾ ਇੱਕ ਉਤਾਰਾ ਮੈਨੇਜਿੰਗ ਡਾਇਰੈਕਟਰ,ਪੰਜਾਬ ਹੈਲਥ ਸਿਸਟਮ ਕਾਰਪੋਰੇਸਨ, ਐਸ.ਏ.ਐਸ.ਨਗਰ ਮੋਹਾਲੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ,ਸਿਹਤ(ਐਸ)

ਨੰ:3ਏ/161/2013-3ਸਿ7/ ਮਿਤੀ,ਚੰਡੀਗੜ੍ਹ:

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ,ਸਿਹਤ(ਐਸ)

ਨੰ:3ਏ/161/2013-3ਸਿ7/ 43076/6 ਮਿਤੀ,ਚੰਡੀਗੜ੍ਹ: 18-4-2013

ਉਪਰੋਕਤ ਦਾ ਇੱਕ ਉਤਾਰਾ ਨਿਜੀ ਸਕੱਤਰ/ਪ੍ਰਮੁੱਖ ਸਕੱਤਰ ਸਿਹਤ ਨੂੰ ਸੂਚਨਾ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ,ਸਿਹਤ(ਐਸ)